ਡਾ. ਮਨਦੀਪ ਕੌਰ
ਪੰਜਾਬੀ ਵਿਭਾਗ
ਐੱਚ.ਐੱਮ.ਵੀ. ਜਲੰਧਰ

# ਗੁਰੂ ਨਾਨਕ ਬਾਣੀ: ਕ੍ਰਾਂਤੀਕਾਰੀ ਪ੍ਰਵਚਨ

# ਜਾਣ-ਪਛਾਣ:

ਗੁਰੂ ਨਾਨਕ ਬਾਣੀ ਦਾ ਪ੍ਰਵਚਨ ਸਿਰਫ ਪੰਦਰਵੀਂ ਸੋਲਵੀਂ ਸਦੀ ਦੇ ਜੀਵਨ ਮੁੱਲਾਂ ਨੂੰ ਉਸਾਰਨ ਤੱਕ ਸੀਮਿਤ ਨਹੀਂ ਬਲਕਿ ਅਜੋਕੇ ਸਮਾਜ ਵਿਚ ਇਸਦੀ ਪ੍ਰਸੰਗਿਕਤਾ ਹੋਰ ਵੀ ਵਧ ਜਾਂਦੀ ਹੈ। ਵਰਤਮਾਨ ਪਦਾਰਥਕ ਯੁੱਗ ਅਤੇ ਵਿਸ਼ਵੀਕਰਨ ਦੇ ਗਲਬੇ ਹੇਠ ਮਨੁੱਖੀ ਜੀਵਨ ਜਾਚ ਵਿਚੋਂ ਉਸਾਰੂ ਜੀਵਨ ਮੁੱਲ ਮਨਫ਼ੀ ਹੋ ਰਹੇ ਪ੍ਰਤੀਤ ਹੁੰਦੇ ਹਨ। ਗੁਰੂ ਨਾਨਕ ਬਾਣੀ ਨਵੇਂ ਸਿਰਿਓ ਇਹਨਾਂ ਜੀਵਨ ਮੁੱਲਾਂ ਨੂੰ ਉਸਾਰਦੀ ਹੈ। ਗੁਰੂ ਨਾਨਕ ਦੇਵ ਜੀ ਨੇ ਸਮਕਾਲੀ ਸਮਾਜ ਦੇ ਭ੍ਰਿਸ਼ਟ ਸਮਾਜਿਕ ਅਤੇ ਰਾਜਨੀਤਿਕ ਪ੍ਰਬੰਧ ਨੂੰ ਬੇਬਾਕੀ ਨਾਲ ਉਲੀਕਿਆ ਹੀ ਨਹੀਂ ਬਲਕਿ ਲੋਕ ਸਮੂਹ ਅੰਦਰ ਚੇਤਨਾ ਜਾਗ੍ਰਤੀ ਪੈਦਾ ਕਰਕੇ ਸਮਾਜ ਦੀਆਂ ਸਮੱਸਿਆਵਾਂ ਦਾ ਸਮਾਧਾਨ ਵੀ ਪੇਸ਼ ਕੀਤਾ ਹੈ।

ਗੁਰੂ ਨਾਨਕ ਦੇਵ ਜੀ ਸਮਾਜ ਦੀਆਂ ਉਹਨਾਂ ਕੁਰੀਤੀਆਂ ਨੂੰ ਆੜੇ ਹੱਥੀਂ ਲੈਂਦੇ ਹਨ ਜੋ ਮਨੁੱਖੀ ਜ਼ਿੰਦਗੀ ਲਈ ਹੁੰਮਸ ਬਣ ਚੁੱਕੀਆਂ ਹਨ। ਇਹ ਰੀਤਾਂ ਰਸਮਾਂ ਅਤੇ ਕਰਮ ਕਾਂਡ ਸਮਕਾਲੀ ਸਮਾਜ ਦਾ ਅਜਿਹਾ ਜੜ੍ਹ ਵਸਤੂ ਵਰਤਾਰਾ ਸਨ ਜਿਹਨਾਂ ਵਿਚ ਕਿਸੇ ਕਿਸਮ ਦਾ ਪਰਿਵਰਤਨ ਲਿਆਉਣਾ ਜਾਂ ਇਹਨਾਂ ਨੂੰ ਖਤਮ ਕਰਨਾ ਇੱਕ ਬਹੁਤ ਵੱਡਾ ਕ੍ਰਾਂਤੀਕਾਰੀ ਕਦਮ ਕਿਹਾ ਜਾ ਸਕਦਾ ਹੈ। ਉਹਨਾਂ ਨੇ ਲੋਕਾਈ ਅੰਦਰ ਨਵੀਂ ਚੇਤਨਾ ਦਾ ਸੰਚਾਰ ਕਰਕੇ ਧਰਮ ਦੀ ਪੁਨਰ ਵਿਆਖਿਆ ਕੀਤੀ ਅਤੇ ਕਰਮ ਕਾਂਡਾਂ ਵਿਚ ਗ੍ਰਸੇ ਜਾ ਰਹੇ ਆਮ ਇਨਸਾਨ ਦੀ ਜ਼ਿੰਦਗੀ ਲਈ ਉਹ ਰਾਹ ਦਸੇਰਾ ਬਣੇ।

ਗੁਰੂ ਜੀ ਦੁਆਰਾ ਦਰਸਾਏ ਗਏ ਜ਼ਿੰਦਗੀ ਦੇ ਨੇਮ ਅਸਲੋਂ ਨਵੇਂ ਸਨ ਜਿਨ੍ਹਾਂ ਨੇ ਬੇਸਮਝ, ਅਗਿਆਨ ਅਤੇ ਗੁੰਮਰਾਹ ਹੋ ਚੁੱਕੇ ਲੋਕਾਂ ਅੰਦਰ ਜਾਗ੍ਰਤੀ ਪੈਦਾ ਕੀਤੀ ਉਹਨਾਂ ਨੇ ਮਨੁੱਖੀ ਜ਼ਿੰਦਗੀ ਨਾਲ ਜੁੜੀਆਂ ਉਹਨਾਂ ਕੁਰੀਤੀਆਂ ਨੂੰ ਜੜ੍ਹੋਂ ਉਖਾੜ ਸੁੱਟਿਆ ਜੋ ਲੋਕ ਮਾਨਸਿਕਤਾ ਦਾ ਅਟੁੱਟ ਅੰਗ ਬਣ ਚੁੱਕੀਆਂ ਸਨ। ਉਹਨਾਂ ਨੇ ਆਪਣੇ ਅਧਿਆਤਮਕ ਚਿੰਤਨ ਦੇ ਜ਼ਰੀਏ ਲੋਕ ਸਮੂਹ ਅੰਦਰ ਕਦਰਾਂ-ਕੀਮਤਾਂ, ਜੀਵਨ ਮੁੱਲਾਂ ਅਤੇ ਸੁਚੱਜੀ ਜੀਵਨ-ਜਾਚ ਪੈਦਾ ਕਰਨ ਦੇ ਨਾਲ-ਨਾਲ ਸਮਕਾਲੀ ਸਮਾਜ ਦੇ ਆਡੰਬਰਵਾਦ ਅਤੇ ਪਤਨਮੁਖੀ ਵਿਵਸਥਾ ਦੀ ਨਿਖੇਧੀ ਕੀਤੀ।

ਗੁਰੂ ਨਾਨਕ ਕਾਲ ਵਿਚ ਭਾਰਤ ਸਭਿਆਚਾਰਕ ਤੌਰ ‘ਤੇ ਪਤਨ ਵੱਲ ਵਧ ਰਿਹਾ ਸੀ ਸਭਿਆਚਾਰ ਸੁਚੱਜੀ ਜੀਵਨ-ਜਾਚ ਦਾ ਮਾਪ ਦੰਡ ਹੈ ਜੋ ਮਨੁੱਖ ਨੂੰ ਦੂਸਰੇ ਪ੍ਰਾਣੀ ਜਗਤ ਨਾਲੋਂ ਨਿਖੇੜਦਾ ਹੈ। ਸਭਿਆਚਾਰ ਇਕ ਕਿਸਮ ਦੀ ਨਿਯਮਬੱਧਤਾ ਹੈ ਇਹ ਉਹ ਨਿਯਮ ਹਨ ਜ੍ਹਿਨਾਂ ਨੂੰ ਅਪਣਾ ਕੇ ਅਸੀਂ ਸਭਿਅਕ ਪ੍ਰਾਣੀ ਕਹਾਉਂਦੇ ਹਾਂ। ਪਰ ਜਦੋਂ ਇਹ ਸਭਿਆਚਾਰਕ ਧਰਾਤਲ ਪਤਨਮੁਖੀ ਰੁਖ਼ ਅਖ਼ਤਿਆਰ ਕਰ ਲੈਂਦਾ ਹੈ ਤਾਂ ਮਨੁੱਖ ਵੀ ਚੰਗੀ ਜੀਵਨ ਜਾਚ ਤੋਂ ਇਨਕਾਰੀ ਹੋ ਜਾਂਦਾ ਹੈ। ਜਿਸ ਕਾਰਨ ਸਮਾਜ ਦਾ ਬੁਨਿਆਦੀ ਢਾਂਚਾ ਅਸਤ ਵਿਅਸਤ ਹੋ ਜਾਂਦਾ ਹੈ।

ਗੁਰੂ ਨਾਨਕ ਕਾਲ ਵਿਚ ਵੀ ਮਨੁੱਖ ਅੰਦਰਲਾ ਮਾਨਵੀ ਕਿਰਦਾਰ ਹੈਵਾਨੀਅਤ ਵੱਲ ਵਧ ਰਿਹਾ ਸੀ। ਸਮਾਜ ਦੀ ਧਾਰਮਿਕ, ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਵਿਵਸਥਾ ਨਿਯਮਾਂ ਦੇ ਚੌਖਟੇ ਵਿਚ ਫਿੱਟ ਨਹੀਂ ਸੀ ਹੋ ਰਹੀ। ਚਾਰੇ ਪਾਸੇ ਹਨੇਰਗਰਦੀ, ਭ੍ਰਿਸ਼ਟਾਚਾਰ ਅਤੇ ਅਮਾਨਵਤਾ ਦਾ ਬੋਲਬਾਲਾ ਸੀ। ਇਸ ਸਮੇਂ ਸਮਾਜਿਕ, ਰਾਜਨੀਤਿਕ, ਨੈਤਿਕ ਅਤੇ ਧਾਰਮਿਕ ਵਿਵਸਥਾ ਭ੍ਰਿਸ਼ਟ ਹੋ ਚੁੱਕੀ ਸੀ। ਇਹ ਸੰਸਕ੍ਰਿਤੀ ਦੀ ਅਧੋਗਤੀ ਦਾ ਸਮਾਂ ਸੀ।

ਇਸ ਸਮੇਂ ਨੂੰ ਭਾਈ ਗੁਰਦਾਸ ਜੀ ਇਸ ਪ੍ਰਕਾਰ ਚਿਤਰਦੇ ਹਨ:

ਕਲਿ ਤਾਰਣ ਗੁਰੂ ਨਾਨਕ ਆਇਆ।

ਗੁਰੂ ਨਾਨਕ ਦਾ ਜਨਮ ਇਸ ਕਲਯੁਗ ਦੀ ਅਰਾਜਕਤਾ ਨੂੰ ਖਤਮ ਕਰਨ ਲਈ ਹੋਇਆ ਉਹਨਾਂ ਨੇ ਬਾਣੀ ਅਤੇ ਆਪਣੇ ਵਿਚਾਰਾਂ ਦੇ ਜ਼ਰੀਏ ਸਮਾਜ ਵਿਚ ਕ੍ਰਾਂਤੀਕਾਰੀ ਪਰਿਵਰਤਨ ਲਿਆਂਦਾ। ਸਾਰਾ ਸਮਾਜ ਜਾਤਾਂ-ਪਾਤਾਂ ਵਿਚ ਵੰਡਿਆ ਹੋਣ ਦੇ ਨਾਲ-ਨਾਲ ਕਈ ਪ੍ਰਕਾਰ ਦੇ ਧਰਮ-ਕਾਂਡਾਂ ਵਿਚ ਗ੍ਰਸਿਆ ਪਿਆ ਸੀ।

ਉਹਨਾਂ ਨੇ ਆਪਣੀ ਬਾਣੀ ਦੇ ਜ਼ਰੀਏ ਉਸ ਸਮੇਂ ਦੀ ਰਾਜਨੀਤਿਕ ਹਾਲਤ ਨੂੰ ਬਹੁਤ ਕਰੜੇ ਸ਼ਬਦਾਂ ਵਿਚ ਬਿਆਨਿਆ ਹੈ।

ਰਾਜੇ ਸ਼ੀਹ ਮੁਕਦਮ ਕੁਤੇ,
ਜਾਇ ਜਗਾਇਨ ਬੈਠੇ ਸੁਤੇ।।
ਚਾਕਰ ਨਹਦਾ ਪਾਇਨਿ ਘਾਉ।।
ਰਤੁ ਪਿਤੁ ਕੁਤਿਹੋ ਚਟਿ ਜਾਹੁ।।[1]

ਸ਼ਾਸਕ ਦਾ ਧਰਮ ਹੈ ਕਿ ਉਹ ਅਜਿਹਾ ਸ਼ਾਸਨ ਕਰੇ ਜਿਸ ਵਿਚ ਪਰਜਾ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾਵੇ। ਸ਼ਾਸਕ ਪਰਜਾ ਨੂੰ ਅਜਿਹਾ ਰਾਜ ਪ੍ਰਦਾਨ ਕਰੇ ਜੋ ਕਲਿਆਣਕਾਰੀ ਹੋਵੇ। ਪਰ ਜਦੋਂ ਸ਼ਾਸਕ ਹੀ ਪਰਜਾ ਨੂੰ ਲੁੱਟਣ ਤੇ ਉਤਾਰੂ ਹੋ ਜਾਏ ਤਾਂ ਉਲਟੀ ਵਾੜ ਖੇਤ ਨੂੰ ਖਾਏ ਵਾਲੇ ਹਾਲਾਤ ਉਤਪੰਨ ਹੋ ਜਾਂਦੇ ਹਨ। ਅਜਿਹੀਆਂ ਪ੍ਰਸਥਿਤੀਆਂ ਅਰਾਜਕਤਾ ਵਾਲੇ ਰਾਜ ਨੂੰ ਜਨਮ ਦਿੰਦੀਆਂ ਹਨ। ਅਜਿਹੇ ਰਾਜ ਵਿਚ ਸਮੇਂ ਦੀ ਸਰਕਾਰ ਨੂੰ ਵੰਗਾਰਨਾ ਅਤੇ ਉਹਨਾਂ ਬਾਬਤ ਸ਼ੀਹ ਅਤੇ ਕੁੱਤੇ ਵਰਗੇ ਸ਼ਬਦਾਂ ਦਾ ਇਸਤੇਮਾਲ ਕਰਨਾ ਕਿਸੇ ਆਮ ਇਨਸਾਨ ਦਾ ਕੰਮ ਨਹੀ ਸੀ।

ਇਸ ਸਮੇਂ ਗੁਰੂ ਜੀ ਦੇ ਨਿਰਭਓ ਦੇ ਸੰਕਲਪ ਦੀ ਵਿਵਹਾਰਿਕਤਾ ਵੇਖਣ ਨੂੰ ਮਿਲਦੀ ਹੈ। ਉਹਨਾਂ ਨੇ ਸਿਰਫ਼ ਸ਼ਾਸਕ ਵਰਗ ਜਾਂ ਸ਼ੋਸ਼ਣ ਕਰਨ ਵਾਲਿਆਂ ਦੀ ਹੀ ਨਿੰਦਾ ਨਹੀ ਕੀਤੀ ਬਲਕਿ ਆਮ ਜਨਤਾ ਜਿਸਦਾ ਸ਼ੋਸ਼ਣ ਹੋ ਰਿਹਾ ਸੀ ਉਹਨਾਂ ਨੂੰ ਵੀ ਅੰਧੀ ਅਤੇ ਗਿਆਨ ਵਿਹੂਣੀ ਪਰਜਾ ਨਾਲ ਤੁਲਨਾਇਆ ਹੈ। ਸ਼ਾਸਕ ਵਰਗ ਦੀ ਨਿਰਦਇਤਾ ਨੂੰ ਏਨੀ ਨਿਡਰਤਾ ਅਤੇ ਬੇਬਾਕੀ ਨਾਲ ਆਪਣੀ ਬਾਣੀ ਵਿਚ ਪੇਸ਼ ਕਰਨਾ ਇਕ ਕ੍ਰਾਤੀਕਾਰੀ ਕਦਮ ਤੋਂ ਘੱਟ ਨਹੀਂ ਸੀ।

ਇਹ ਹਾਲਾਤ ਗੁਰੂ ਨਾਨਕ ਕਾਲ ਦੇ ਹੀ ਨਹੀਂ ਸਨ ਬਲਕਿ ਵਰਤਮਾਨ ਸਮਾਜ ਦੀਆਂ ਰਾਜਨੀਤਿਕ ਪ੍ਰਸਥਿਤੀਆਂ ਵੀ ਅਜਿਹੀਆਂ ਹਨ ਜਿਸ ਵਿਚ ਦੇਸ਼ ਦੀ ਆਮ ਜਨਤਾ ਆਪਣੇ ਹੀ ਰਾਜ ਦੇ ਨੇਤਾਵਾਂ ਦੀ ਲੁੱਟ-ਖਸੁੱਟ ਤੋਂ ਪੀੜਿਤ ਹੈ। ਗੁਰੂ ਜੀ ਨੇ ਬਾਬਰਬਾਣੀ ਵਿਚ ਸਮਕਾਲੀ ਰਾਜਨੀਤਿਕ ਸਥਿਤੀ ਨੂੰ ਬਾਖੂਬੀ ਚਿਤਰਿਆ ਹੈ।

ਜਾਤ-ਪਾਤ, ਊਚ-ਨੀਚ ਅਤੇ ਅਸਮਾਨਤਾਵਾਂ ਨੇ ਤਤਕਾਲੀ ਸਮਾਜ ਨੂੰ ਬਹੁਤ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ। ਵੰਡੀਆਂ ਭਰੇ ਇਸ ਸਮਾਜ ਵਿਚ ਹਿੰਦੂ ਅਤੇ ਮੁਸਲਮਾਨ ਆਪਣੀ ਅਧਿਆਤਮਿਕ ਜੀਵਨ-ਜਾਚ ਤੋਂ ਅਵੇਸਲੇ ਹੋ ਕੇ ਪਾਖੰਡਵਾਦ ਅਤੇ ਆਡੰਬਰਵਾਦ ਨਾਲ ਜੁੜੇ ਬਾਹਰਮੁਖੀ ਤੱਤਾਂ ਨਾਲ ਪੂਰੀ ਤਰ੍ਹਾਂ ਓਤਪੋਤ ਸਨ। ਨੀਵੀਆਂ ਜਾਤਾਂ ਉੱਪਰ ਕਈ ਪ੍ਰਕਾਰ ਦੇ ਜ਼ੁਲਮ ਕੀਤੇ ਜਾਂਦੇ ਸੀ ਅਤੇ ਇਹ ਅਗਿਆਨ ਜਨਤਾ ਕਿਸਮਤਵਾਦੀ ਹੋਣ ਕਰਕੇ ਇਹਨਾਂ ਜ਼ੁਲਮਾਂ ਦਾ ਵਿਰੋਧ ਨਹੀਂ ਕਰਦੀ ਸੀ।

ਇਹਨਾਂ ਵਿਚ ਚੇਤਨਾ ਦੀ ਘਾਟ ਕਾਰਨ ਹੀ ਗੁੰਝਲਦਾਰ ਪ੍ਰਸਥਿਤੀਆਂ ਉਪਜਦੀਆਂ ਹਨ ਅਤੇ ਇਹ ਲੋਕ ਸ਼ੋਸ਼ਣ ਨੂੰ ਸਹਿਣ ਕਰਨ ਦੇ ਆਦੀ ਬਣ ਜਾਂਦੇ ਹਨ। ਨੀਵੀਂ ਜਾਤ ਦੇ ਲੋਕਾਂ ਨੂੰ ਧਾਰਮਿਕ ਗਤੀਵਿਧੀਆਂ ਤੋਂ ਦੂਰ ਰੱਖਿਆ ਜਾਂਦਾ ਸੀ। ਇਤਿਹਾਸ ਗਵਾਹ ਹੈ ਕਿ ਵੇਦਾਂ ਨੂੰ ਸੁਣਨ ਦੀ ਸਜ਼ਾ ਦੇਣ ਵਜੋਂ ਸਿੱਕਾ ਢਾਲ ਕੇ ਇਹਨਾਂ ਦੇ ਕੰਨਾਂ ਵਿਚ ਪਾਇਆ ਜਾਂਦਾ ਸੀ।

ਮੰਦਰਾਂ ਮਸਜਿਦਾਂ ਵਿਚ ਜਾਣ ਅਤੇ ਧਾਰਮਿਕ ਸਮਾਗਮਾਂ ਦਾ ਹਿੱਸਾ ਬਣਨ ਦਾ ਹੀਆ ਇਹ ਜਾਤਾਂ ਕਦੇ ਵੀ ਨਹੀਂ ਸੀ ਕਰ ਸਕਦੀਆਂ। ਇਸੇ ਵਰਣ ਵਿਵਸਥਾ ਦੇ ਸੰਦਰਭ ਵਿਚ **ਭਾਈ ਜੋਧ ਸਿੰਘ** ਲਿਖਦੇ ਹਨ:-

''ਇਸ ਵੇਲੇ ਹਿੰਦੂਆਂ ਵਿਚ ਇਕ ਗੱਲ ਪੱਕੀ ਕੀਤੀ ਗਈ ਸੀ ਕਿ ਕੋਈ ਇਸ ਧਰਮ ਨੂੰ ਮੰਨੇ ਜਾਂ ਨਾ ਮੰਨੇ, ਗਊ ਖਾਏ ਜਾਂ ਨਾ ਖਾਏ, ਕਿਸੇ ਹੋਰ ਧਰਮ ਨੂੰ ਮੰਨੇ ਜਾਂ ਨਾ ਮੰਨੇ ਪਰ ਜੇ ਉਹ ਵਰਣ ਆਸ਼ਰਮ ਨੂੰ ਮੰਨ ਲਵੇ ਤਾਂ ਹਿੰਦੂ ਮੰਨਿਆਂ ਜਾਂਦਾ ਹੈ।''[2]

ਪਹਿਲਾਂ ਛੋਟੀਆਂ ਜਾਤਾਂ ਵਾਲਿਆਂ ਨੂੰ ਮੰਦਰ ਮਸਜਿਦਾਂ ਵਿਚ ਜਾਣ ਦੀ ਮਨਾਹੀ ਸੀ ਪਰ ਗੁਰੂ ਜੀ ਦੁਆਰਾ ਸਿੱਖ ਧਰਮ ਦੀ ਨੀਂਹ ਰੱਖਣ ਦੇ ਨਾਲ ਜਦੋਂ ਗੁਰਦੁਆਰੇ ਹੋਂਦ ਵਿਚ ਆਉਂਦੇ ਹਨ ਤਾਂ ਉਹਨਾਂ ਨੇ ਹਰ ਧਰਮ, ਹਰ ਜਾਤ ਲਈ ਇਸਦੇ ਦਰਵਾਜੇ ਖੁੱਲੇ ਰੱਖੇ। ਇਸਦਾ ਸਬੂਤ ਦਰਬਾਰ ਸਾਹਿਬ ਦੇ ਚਾਰ ਦਰਵਾਜੇ ਹਨ ਜੋ ਚਾਰੋਂ ਵਰਣਾਂ ਲਈ ਹਮੇਸ਼ਾ ਖੁੱਲੇ ਹਨ। ਪਰ ਇਹ ਮਨੁੱਖੀ ਸੰਕੀਰਣ ਸੋਚ ਦਾ ਹੀ ਨਤੀਜਾ ਸੀ ਕਿ ਵੱਖ ਵੱਖ ਜਾਤੀਆਂ ਲਈ ਵੱਖ ਵੱਖ ਗੁਰਦੁਆਰੇ ਹੋਂਦ ਵਿਚ ਆਉਣ ਲੱਗੇ ਜੱਟਾਂ ਦਾ ਗੁਰਦੁਆਰਾ ਵੱਖ ਅਤੇ ਮਜ਼੍ਹਬੀ ਸਿੱਖਾਂ ਦਾ ਗੁਰੁਦੁਆਰਾ ਵੱਖ ਪਰ ਹੁਣ ਫਿਰ ਇਕ ਪਿੰਡ ਇਕ ਗੁਰਦੁਆਰਾ ਦੀ ਸੋਚ ਦੇ ਅੰਤਰਗਤ ਅਸੀਂ ਗੁਰੂ ਨਾਨਕ ਦੀਆਂ ਲੀਹਾਂ ਤੇ ਚੱਲਣ ਦੀ ਕੋਸ਼ਿਸ਼ ਕਰ ਰਹੇ ਹਾਂ।

ਗੁਰੂ ਨਾਨਕ ਦੇਵ ਜੀ ਨੇ ਜਾਤ-ਪਾਤ ਅਤੇ ਵਰਣ ਵਿਵਸਥਾ ਦਾ ਖੰਡਨ ਕੀਤਾ ਉਹ ਸਿੱਖ ਧਰਮ ਦੇ ਬਾਨੀ ਹਨ ਜਿਨ੍ਹਾਂ ਨੇ ਅਜਿਹੇ ਸਮਾਜ ਦੀ ਨੀਹ ਰੱਖੀ ਜਿਸ ਵਿਚ ਜਾਤ-ਪਾਤ, ਊਚ-ਨੀਚ ਲਈ ਕੋਈ ਥਾਂ ਨਹੀ ਸੀ। ਉਹ ਸਮੁੱਚੀ ਮਨੁੱਖ ਜਾਤੀ ਨੂੰ ਉਸ ਪ੍ਰਮਾਤਮਾਂ ਦੀ ਔਲਾਦ ਮੰਨਦੇ ਸੀ ਜਿਨ੍ਹਾਂ ਵਿਚ ਇਕ ਜੋਤ ਵਿਦਮਾਨ ਹੈ ਉਹਨਾਂ ਦੀਆਂ ਲੀਹਾਂ ਤੇ ਚਲਦੇ ਹੋਏ ਕਾਫੀ ਹੱਦ ਤੱਕ ਅਜਿਹੀਆਂ ਅਸਮਾਨਤਾਵਾਂ ਦੂਰ ਹੋਈਆਂ ਹਨ ਪਰ ਫਿਰ ਵੀ ਅੱਜ ਦੇ ਸਿੱਖਾਂ ਵਿਚ ਵੀ ਅਗਾਂਹ ਕਈ ਜਾਤਾਂ ਪਾਤਾਂ ਅਤੇ ਇਸਦੇ ਆਧਾਰ ਤੇ ਸਮਾਜਿਕ ਵੰਡੀਆਂ ਵੇਖੀਆਂ ਜਾ ਸਕਦੀਆਂ ਹਨ ਉਦਾਹਰਨ ਵਜੋਂ ਜੱਟ ਸਿੱਖ, ਰਾਮਗੜ੍ਹੀਆ ਸਿੱਖ, ਮਜ਼੍ਹਬੀ ਸਿੱਖ ਆਦਿ।

ਗੁਰੂ ਨਾਨਕ ਦੇਵ ਜੀ ਦੀ ਬਾਣੀ ਨੂੰ ਮੱਥਾ ਟੇਕਿਆ ਜਾਂਦਾ ਹੈ ਅਤੇ ਉਹਨਾਂ ਦੇ ਵਿਚਾਰਾਂ ਨੂੰ ਪੂਰਨ ਸਤਿਕਾਰ ਸਹਿਤ ਪੜ੍ਹਿਆ ਜਾਂਦਾ ਹੈ ਪਰ ਵਿਵਹਾਰਿਕ ਪੱਧਰ ਤੇ ਇਸ ਬਾਣੀ ਵਿਚ ਦਰਸਾਏ ਮਾਰਗ ਤੇ ਚੱਲਣਾ ਅੱਜ ਦੇ ਮਨੁੱਖ ਲਈ ਵੀ ਇਕ ਚੁਣੌਤੀ ਤੋਂ ਘੱਟ ਨਹੀ ਹੈ। ਗੁਰੂ ਜੀ ਬੇਸ਼ੱਕ ਸਿਧਾਂਤ ਨਾਲ ਜੁੜੇ ਸੀ ਪਰ ਉਹਨਾਂ ਦਾ ਜਿਆਦਾ ਬਲ ਵਿਵਹਾਰਿਕਤਾ ਤੇ ਸੀ ਉਹ ਲੋਕਾਂ ਅੰਦਰ ਅਜਿਹੀ ਸਭਿਆਚਾਰਕ ਚੇਤਨਾ ਪੈਦਾ ਕਰਨੀ ਚਾਹੁੰਦੇ ਸੀ ਜੋ ਸਮਾਜ ਵਿਚ ਸਿਹਤਮੰਦ ਪਰੰਪਰਾ ਨੂੰ ਜਨਮ ਦੇਵੇ।

**ਡਾ. ਰਤਨ ਸਿੰਘ ਜੱਗੀ** ਅਨੁਸਾਰ ''ਨਵੀਂ ਚੇਤਨਾ ਯੁੱਗ ਪੁਰਸ਼ਾਂ ਦੀ ਦੇਣ ਹੁੰਦੀ ਹੈ। ਆਪਣੇ ਅਨੁਭਵ ਅਤੇ ਚਿੰਤਨ ਨਾਲ ਮਨੁੱਖਤਾ ਨੂੰ ਸਹੀ ਮਾਰਗ ਤੇ ਪਾਉਣ ਦਾ ਉਪਰਾਲਾ ਕਰਦੇ ਹਨ ਇਹੋ ਜਿਹਾ ਉਪਰਾਲਾ ਜਨ ਅੰਦੋਲਨ ਦਾ ਰੂਪ ਧਾਰਦਾ ਹੈ। ਇਸ ਨੂੰ ਸਭਿਆਚਾਰਕ ਚੇਤਨਾ ਦਾ ਨਾਂ ਦਿੱਤਾ ਜਾਂਦਾ ਹੈ।''[3]

ਉਹ ਲੋਕਾਂ ਅੰਦਰ ਆਪਣੇ ਵਿਚਾਰਾਂ ਦੇ ਜ਼ਰੀਏ ਨਵੀਂ ਰੂਹ ਫੂਕਣਾ ਚਾਹੁੰਦੇ ਸੀ। ਉਹ ਲੋਕਾਈ ਤੱਕ ਇਸ ਗੱਲ ਨੂੰ ਪਹੁੰਚਾਉਣਾ ਚਾਹੁੰਦੇ ਸੀ ਕਿ ਮਨੁੱਖ ਜਾਤੀ ਵਿਚ ਸਾਰੇ ਮਨੁੱਖ ਬਰਾਬਰ ਹਨ ਜ਼ਿੰਦਗੀ ਨੂੰ ਜਿਊਣ ਦਾ ਹੱਕ ਸਭ ਦਾ ਸਾਂਝਾ ਅਤੇ ਸਮਾਨ ਹੈ। ਕੋਈ ਵੀ ਮਨੁੱਖ ਸਿਰਫ ਆਪਣੇ ਜਨਮ ਕਾਰਨ ਉੱਚਾ ਜਾਂ ਨੀਵਾਂ ਨਹੀਂ ਬਲਕਿ ਪਰਮਾਤਮਾਂ ਨੇ ਹਰ ਮਨੁੱਖ ਨੂੰ ਇਕੋ ਜਿਹੀ ਜਾਨ ਦਿੱਤੀ ਹੈ ਜਾਤੀ ਜਾਂ ਪਰਿਵਾਰ ਕਿਸੇ ਦੇ ਉੱਚਾ ਹੋਣ ਦਾ ਸਹੀ ਮਾਪਦੰਡ ਨਹੀ ਹੈ ਮਨੁੱਖ ਆਪਣੇ ਚੰਗੇ ਕਰਮਾਂ ਨਾਲ ਉੱਚਾ ਵੀ ਹੋ ਸਕਦਾ ਹੈ ਚਾਹੇ ਉਸਨੇ ਵੰਡੀਆਂ ਦੇ ਅੰਤਰਗਤ ਨੀਵੀਂ ਜਾਤ ਦੇ ਪਰਿਵਾਰ ਵਿਚ ਜਨਮ ਲਿਆ ਹੋਵੇ ਅਤੇ ਉੱਚੀ ਜਾਤ/ਪਰਿਵਾਰ ਵਿਚ ਜਨਮਿਆ ਮਨੁੱਖ ਆਪਣੇ ਮਾੜੇ ਕਰਮਾਂ ਨਾਲ ਨੀਵਾਂ ਵੀ ਹੋ ਸਕਦਾ ਹੈ।

ਸੋ ਮਨੁੱਖ ਆਪਣੇ ਕਰਮਾਂ ਦੇ ਨਾਲ ਵਡਿਆਇਆ ਜਾਣਾ ਚਾਹੀਦਾ ਹੈ। ਜਾਤ ,ਜਨਮ ਜਾਂ ਪਰਿਵਾਰ ਦੇ ਆਧਾਰ ਤੇ ਉਸਦੀ ਦਰਜੇਬੰਦੀ ਨਹੀ ਕਰਨੀ ਚਾਹੀਦੀ। ਗੁਰੂ ਜੀ ਨੇ ਸਮਾਜ ਵਿਚ ਦੁਰਕਾਰੇ ਅਤੇ ਤਿਰਸਕਾਰੇ ਜਾ ਰਹੇ ਲੋਕਾਂ ਨੂੰ ਆਪਣੇ ਸੰਗੀ ਸਾਥੀ ਸਵੀਕਾਰਿਆ ਅਤੇ ਪਾਪ ਕਮਾਉਣ ਵਾਲੇ ਅਮੀਰਾਂ ਅਤੇ ਅਖੌਤੀ ਉਚਿਆਂ ਨੂੰ ਉਹਨਾਂ ਨੇ ਆਪਣੀ ਬਾਣੀ ਵਿਚ ਭੰਡਿਆ ਹੈ।

ਜਾਤਿ ਜਨਮੁ ਨਹ ਪੁਛਿਐ ਸਚ ਘਰੁ ਲੇਹੁ ਬਤਾਇ।।

ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ।।[4]

ਇਸੇ ਸੰਦਰਭ ਵਿਚ ਗੁਰੂ ਜੀ ਲਿਖਦੇ ਹਨ:

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚ।।

ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ।।[5]

ਉਹਨਾਂ ਨੇ ਮਲਿਕ ਭਾਗੋ ਦੀ ਅਮੀਰੀ ਨੂੰ ਨਹੀ ਬਲਕਿ ਭਾਈ ਲਾਲੋ ਦੀ ਸੱਚੀ ਸੁੱਚੀ ਗਰੀਬੀ ਨੂੰ ਵਡਿਆਇਆ ਹੈ। ਜਾਤ-ਪਾਤ ਯੁਗਾਂ ਯੁਗਾਂਤਰਾਂ ਤੋਂ ਚਲਿਆ ਆਉਂਦਾ ਅਜਿਹਾ ਸੰਕਲਪ ਹੈ ਜਿਸ ਉੱਪਰ ਉਹ ਚੋਟ ਕਰਦੇ ਹਨ ਅਤੇ ਇਹੀ ਕਾਰਨ ਹੈ ਕਿ ਸਾਡੇ ਸਮਾਜ ਵਿਚ ਇਹ ਵਰਣ ਵਿਵਸਥਾ ਦੀ ਕੱਟੜਤਾ ਕਾਫੀ ਹੱਦ ਤੱਕ ਘਟੀ ਹੈ।

ਬੇਸ਼ੱਕ ਅੱਜ ਵੀ ਅਸੀਂ ਜਾਤ ਪਾਤ ਨਾਲ ਜੁੜੀਆਂ ਵੰਡੀਆਂ ਨੂੰ ਬਿਲਕੁਲ ਖਤਮ ਨਹੀ ਕਰ ਪਾਏ ਅਤੇ ਨਾ ਹੀ ਇਸ ਜਿੱਲ੍ਹਣ ਵਿਚੋਂ ਖੁਦ ਨੂੰ ਕੱਢ ਪਾਏ ਹਾਂ ਪਰ ਫਿਰ ਵੀ ਮਨੁੱਖੀ ਵਿਚਾਰਾਂ ਵਿਚ ਸ਼੍ਰੇਣੀ ਵੰਡ ਨੂੰ ਲੈ ਕੇ ਕਾਫੀ ਤਬਦੀਲੀ ਆਈ ਹੈ ਅਤੇ ਸਾਡੇ ਸਮਾਜ ਵਿਚ ਹੁੰਦੇ ਅੰਤਰਜਾਤੀ ਵਿਆਹ ਇਸਦੀ ਸਭ ਤੋਂ ਵੱਡੀ ਉਦਾਹਰਨ ਹੈ। ਮਰਦ ਪ੍ਰਧਾਨ ਸਮਾਜਾਂ ਵਿਚ ਔਰਤ ਦਾ ਸਥਾਨ ਬਹੁਤ ਨੀਵਾਂ ਮਿਥਿਆ ਗਿਆ ਹੈ। ਔਰਤ ਦਾ ਸਥਾਨ ਅਜਿਹੇ ਸਮਾਜਾਂ ਵਿਚ ਸ਼ੁਰੂ ਤੋਂ ਹੀ ਹਾਸ਼ੀਆਗਤ ਰਿਹਾ ਹੈ।

ਨਾਥ ਜੋਗੀਆਂ ਦੇ ਸਾਹਿਤ ਵਿਚ ਔਰਤ ਨੂੰ ਬਾਘਨ ਕਿਹਾ ਗਿਆ ਹੈ:

ਦਾਮਿ ਕਾਢ ਬਾਘਨ ਲੈ ਆਇਆ।

ਮਾਉਂ ਕਹੇ ਮੇਰਾ ਪੂਤ ਵਿਆਹਿਆ।

...ਬਾਘਨਿ ਜਿੰਦ ਲੇਇ ਬਾਘਨਿ ਬਿੰਦ ਲੇਇ

ਬਾਘਨ ਹਮਰੀ ਕਾਇਆ।

ਇਸ ਬਾਘਨ ਤ੍ਰੈ ਲੋਈ ਖਾਈ ਬਦਤਿ ਗੋਰਖ ਰਾਇਆ।[6]

ਨਾਥਾਂ ਜੋਗੀਆਂ ਦੇ ਸਾਹਿਤ ਤੋਂ ਲੈ ਕੇ ਤੁਲਸੀਦਾਸ ਤੱਕ ਕਿਸੇ ਨੇ ਵੀ ਔਰਤ ਦੇ ਹੱਕ ਵਿਚ ਆਪਣੇ ਵਿਚਾਰ ਨਹੀਂ ਪ੍ਰਗਟਾਏ। ਹਿੰਦੂ ਧਰਮ, ਬੁੱਧ ਮੱਤ, ਜੈਨ ਧਰਮ ਆਦਿ ਕਿਸੇ ਨੇ ਵੀ ਔਰਤ ਦੀ ਵਡਿਆਈ ਨਹੀਂ ਕੀਤੀ। ਔਰਤ ਜਗਤ ਜਣਨੀ ਹੈ ਉਹ ਸਾਡੇ ਸਮਾਜ, ਵੰਸ਼ ਅਤੇ ਮਨੁੱਖ ਜਾਤੀ ਦੀ ਹੋਂਦ ਨੂੰ ਬਣਾਈ ਰੱਖਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਜਨਮ ਦਾਤੀ ਹੋਣ ਕਰਕੇ ਔਰਤ ਪੂਜਣਯੋਗ ਹੈ ਪਰ ਹਿੰਦੂ ਧਰਮ ਦੇ ਪ੍ਰਭਾਵ ਅਧੀਨ ਔਰਤ ਨੂੰ ਸੂਤਕ ਵਿਚ ਹੋਣ ਕਰਕੇ ਅਪਵਿੱਤਰ ਮੰਨਿਆ ਜਾਂਦਾ ਹੈ। ਮੁਸਲਮਾਨਾਂ ਵਿਚ ਪ੍ਰਚਲਿਤ ਬਹੁ-ਵਿਆਹ ਪ੍ਰਥਾ, ਹਿੰਦੂ ਧਰਮ ਵਿਚ ਸਤੀ ਪ੍ਰਥਾ ਵਰਗੀਆਂ ਕੁਰੀਤੀਆਂ ਕਾਰਨ ਔਰਤ ਦੀ ਹਾਲਤ ਹੋਰ ਵੀ ਤਰਸਯੋਗ ਬਣ ਗਈ ਦਿਖਾਈ ਦਿੰਦੀ ਹੈ।

ਬਾਬਰ ਦੇ ਹਮਲੇ ਦੌਰਾਨ ਵੀ ਔਰਤ ਦੀ ਬੇਪਤੀ ਕੀਤੀ ਗਈ ਨਵ ਵਿਆਹੀਆਂ ਔਰਤਾਂ ਜਿਨ੍ਹਾਂ ਦੇ ਸਿਰ ਤੇ ਪੱਟੀਆਂ ਸੋਂਹਦੀਆਂ ਸੀ ਅਤੇ ਮਾਂਗ ਵਿਚ ਸੰਧੂਰ ਫੱਬਦੇ ਸੀ ਉਹਨਾਂ ਦੇ ਵਾਲ ਕੱਟ ਕੇ, ਧੂਹ ਕੇ ਬੇਪੱਤੀ ਕੀਤੀ ਗਈ। ਉਸ ਸਮੇਂ ਔਰਤ ਨਾਲ ਜੁੜੇ ਇਸ ਦਰਦਨਾਕ ਦ੍ਰਿਸ਼ ਨੂੰ ਗੁਰੂ ਜੀ ਬਾਬਰਬਾਣੀ ਵਿਚ ਵਿਸਤ੍ਰਿਤ ਰੂਪ ਵਿਚ ਪੇਸ਼ ਕਰਦੇ ਹੋਏ ਇਸਦੀ ਕਰੜੇ ਸ਼ਬਦਾਂ ਵਿਚ ਨਿਖੇਧੀ ਕਰਦੇ ਹਨ।

ਉਹਨਾਂ ਨੇ ਮਨੁੱਖ ਦੇ ਅਮਾਨਵੀ ਕਿਰਦਾਰ ਨੂੰ ਚਿਤਰਦੇ ਹੋਏ ਔਰਤ ਦੀ ਦਰਦਨਾਕ ਹਾਲਤ ਨੂੰ ਬਿਆਨਿਆ ਹੈ। ਉਸ ਸਮੇਂ ਔਰਤ ਅਜਿਹਾ ਹਾਸ਼ੀਆਗਤ ਕਿਰਦਾਰ ਸੀ ਜਿਸਨੂੰ ਪਸ਼ੂਆਂ ਦੇ ਸਮਾਨ ਤੁਲਨਾਇਆ ਗਿਆ। ਜੰਮਦੀ ਔਰਤ ਨੂੰ ਮਾਰਨਾ, ਔਰਤ ਦੀ ਪਸ਼ੂਆਂ ਦੇ ਸਮਾਨ ਖ੍ਰੀਦ ਵੇਚ ਕਰਨਾ ਔਰਤ ਨੂੰ ਬੱਚੇ ਪੈਦਾ ਕਰਨ ਵਾਲੀ ਮਸ਼ੀਨ ਸਮਝਣਾ ਆਦਿ ਉਸ ਸਮੇਂ ਦੀ ਸੌੜੀ ਸੋਚ ਦਾ ਨਤੀਜਾ ਸੀ।

ਔਰਤ ਨੂੰ ਅਜਿਹੀ ਚੀਜ਼ ਸਮਝਿਆ ਜਾਂਦਾ ਸੀ ਜੋ ਪ੍ਰਮਾਤਮਾਂ ਨੂੰ ਮਿਲਣ ਦੇ ਰਾਹ ਵਿਚ ਵੱਡੀ ਰੁਕਾਵਟ ਪੈਦਾ ਕਰਦੀ ਹੈ। ਉਸ ਸਮੇਂ ਦੀ ਔਰਤ ਅਤੇ ਸ਼ੂਦਰਾਂ ਦੀ ਹਾਲਤ ਇਕ ਸਮਾਨ ਸੀ ਜਿ੍ਨਾਂ ਨੂੰ ਸਮਾਜ ਵਿਚ ਤ੍ਰਿਸਕਾਰਿਆ ਗਿਆ। ਸਿੱਧਾਂ ਨਾਲ ਗੁਰੂ ਜੀ ਦੀ ਗੋਸ਼ਟੀ ਸੰਸਾਰ ਤੋਂ ਭਾਂਜ ਦੀ ਪ੍ਰਵਿਰਤੀ ਦੀ ਨਿਖੇਧੀ ਕਰਦੀ ਹੈ। ਸਿੱਧ, ਔਰਤ ਅਤੇ ਗ੍ਰਹਿਸਤ ਜੀਵਨ ਦੀ ਨਿੰਦਾ ਕਰਦੇ ਹਨ ਅਤੇ ਪਹਾੜਾਂ ਵੱਲ ਨਿਕਲ ਜਾਂਦੇ ਹਨ ਕਿਉਂਕਿ ਉਹਨਾਂ ਅਨੁਸਾਰ ਗ੍ਰਹਿਸਤ ਜੀਵਨ ਪ੍ਰਮਾਤਮਾਂ ਨੂੰ ਪਾਉਣ ਦੇ ਰਸਤੇ ਵਿਚ ਸਭ ਤੋਂ ਵੱਡੀ ਰੁਕਾਵਟ ਹੈ।

ਆਪਣੇ ਖਾਣ ਪੀਣ ਦੀਆਂ ਲੋੜਾਂ ਦੀ ਪੂਰਤੀ ਹਿੱਤ ਉਹ ਇਹਨਾਂ ਦੇ ਘਰੋਂ ਮੰਗਣ ਵੀ ਜਾਂਦੇ ਹਨ। ਗੁਰੂ ਜੀ ਨੇ ਔਰਤ ਪ੍ਰਤੀ ਅਜਿਹੇ ਦ੍ਰਿਸ਼ਟੀਕੋਣ ਦੀ ਨਿੰਦਾ ਕੀਤੀ ਹੈ ਅਤੇ ਸਦੀਆਂ ਤੋਂ ਚਲੀ ਆ ਰਹੀ ਔਰਤ ਪ੍ਰਤੀ ਅਜਿਹੀ ਸੋਚ ਨੂੰ ਨਕਾਰਿਆ ਹੈ। ਉਹਨਾਂ ਨੇ ਆਪਣੀ ਬਾਣੀ ਵਿਚ ਔਰਤ ਨੂੰ ਵਡਿਆਇਆ ਹੈ ਅਤੇ ਇਹ ਉਸ ਸਮੇਂ ਦੇ ਸਮਾਜ ਵਿਚ ਔਰਤ ਪ੍ਰਤੀ ਨਵੀਂ ਸੋਚ ਵੱਲ ਇਕ ਉਸਾਰੂ ਕਦਮ ਸੀ

ਗੁਰੂ ਜੀ ਲਿਖਦੇ ਹਨ:

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵਿਆਹੁ।।

ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ।।

ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨ।।

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ।।[7]

ਗੁਰੂ ਜੀ ਨੇ ਦੱਸਿਆ ਕਿ ਜਿਸ ਇਸਤਰੀ ਨਾਲ ਮਨੁੱਖ ਸਾਰੀ ਉਮਰ ਬਤੀਤ ਕਰਦਾ ਹੈ ਜੋ ਰਾਜਿਆਂ ਮਹਾਰਾਜਿਆਂ ਦੀ ਜਨਮ ਦਾਤੀ ਹੈ ਉਸਨੂੰ ਮੰਦਾ ਨਹੀਂ ਕਿਹਾ ਜਾ ਸਕਦਾ। ਇਸ ਤੋਂ ਇਲਾਵਾ ਉਹਨਾਂ ਨੇ ਗ੍ਰਹਿਸਤ ਜੀਵਨ ਨੂੰ ਵੀ ਉੱਤਮ ਜੀਵਨ ਸਵੀਕਾਰਿਆ ਹੈ। ਉਹਨਾਂ ਨੇ ਜ਼ਿੰਦਗੀ ਨੂੰ ਜਿਊਣ ਲਈ ਨਵੇਂ ਰਸਤੇ ਅਖ਼ਤਿਆਰ ਕੀਤੇ ਅਤੇ ਮਨੁੱਖਤਾ ਦੇ ਅੰਦਰ ਸੱਚੇ ਮਾਰਗ ਤੇ ਚੱਲਣ ਦੀ ਜਾਗ੍ਰਿਤੀ ਪੈਦਾ ਕੀਤੀ।

ਗੁਰੂ ਨਾਨਕ ਦੇਵ ਜੀ ਨੇ ਅਗਿਆਨ, ਅਤੇ ਭੋਲੀ ਭਾਲੀ ਜਨਤਾ ਨੂੰ ਕਰਮ ਕਾਂਡਾਂ, ਆਡੰਬਰਵਾਦ ਅਤੇ ਵਹਿਮਾਂ ਭਰਮਾਂ ਤੋਂ ਮੁਕਤ ਕਰਾਇਆ। ਪੰਦਰਵੀਂ ਸਦੀ ਵਿਚ ਲੋਕ ਧਰਮ ਦੇ ਨਾਂ ਤੇ ਕਰਮ ਕਾਂਡਾਂ ਵਿਚ ਬੁਰੀ ਤ੍ਹਰਾਂ ਫਸੇ ਹੋਏ ਸੀ। ਇਹਨਾਂ ਵਿਚ ਧਾਰਮਿਕ ਭਾਵਨਾ ਦੇ ਵਿਭਿੰਨ ਰੂਪ ਵਿਦਮਾਨ ਮਿਲਦੇ ਹਨ। ਇਸ ਦਾ ਇਕ ਰੂਪ ਅਦਿਮ, ਅਤਾਰਕਿਕ, ਅਸੰਜਮਸ਼ੀਲ ਰੂਪ ਹੈ ਜਿਸ ਰਾਂਹੀ ਮਨੁੱਖੀ ਵਿਚਾਰ ਆਤਮ-ਸਮਰਥਨ ਤੋਂ ਵਿਵਾਦ ਵੱਲ, ਅਸੰਗਤੀ ਤੋਂ ਕ੍ਰੋਧ ਵੱਲ ਤੇ ਵਿਕਾਰ ਤੋਂ ਵਿਨਾਸ਼ ਵੱਲ ਕਦਮ ਪੁੱਟਦਾ ਦਿਸਦਾ ਹੈ। ਧਾਰਮਿਕ ਅਸਹਿਣਸ਼ੀਲਤਾ, ਤੁਅਸਬ ਤੇ ਜਹਾਦ ਆਦਿ ਇਸੇ ਦੀਆਂ ਵਿਭਿੰਨ ਪ੍ਰਵਿਰਤੀਆਂ ਹਨ।

ਇਕ ਹੋਰ ਰੂਪ ਇਸਦਾ ਕਰਮ ਕਾਂਡ ਵਿਚ ਬੱਝਾ ਮਜਬੂਰ ਰੂਪ ਹੈ। ਇਹ ਵਿਸ਼ਵਾਸ ਤੋਂ ਕੱਟੜਤਾ ਵੱਲ, ਉੱਦਮ ਤੋਂ ਹੱਠ ਵੱਲ ਅਤੇ ਉਪਰਾਮਤਾ ਤੋਂ ਤਿਆਗ ਵੱਲ ਤੁਰਦਾ ਪ੍ਰਤੀਤ ਹੁੰਦਾ ਹੈ। ਨਿਰਧਾਰਿਤ ਮਰਯਾਦਾਵਾਂ ਦਾ ਪਾਲਣ ਤੇ ਨਿਰਦੇਸ਼ਿਤ ਕਰਮਾਂ ਦੀ ਪੂਰਤੀ ਇਸ ਦਾ ਖਾਸਾ ਹੁੰਦਾ ਹੈ। ਕਰਮ ਕਾਂਡੀ ਅੰਧ ਵਿਸ਼ਵਾਸ ਇਸਦਾ ਪਰਿਣਾਮ ਹੁੰਦਾ ਹੈ। ਧਾਰਮਿਕ ਭਾਵਨਾ ਦਾ ਤੀਜਾ ਅਤੇ ਸਭ ਤੋਂ ਸਿਹਤਮੰਦ ਰੂਪ ਨਦਰਸ਼ੀਲਤਾ ਦਾ ਰੂਪ ਹੈ। ਇਹ ਸਹਿਣਸ਼ੀਲਤਾ ਤੋਂ ਸਤਿਕਾਰ ਵੱਲ, ਸੁਭਾਵਿਕਤਾ ਤੋਂ ਸਹਿਜ ਵੱਲ ਤੇ ਭਉ ਤੋਂ ਭਾਉ ਵੱਲ ਕਦਮ ਪੁੱਟਦਾ ਹੈ ਤੇ ਸਾਧਕ ਨੂੰ ਨਦਰੀ ਨਿਹਾਲ ਕਰਨ ਦੇ ਸਮਰੱਥ ਹੁੰਦਾ ਹੈ।[8] ਇਸ ਸਮੇਂ ਧਰਮ ਅਧੋਗਤੀ ਵੱਲ ਵਧ ਰਿਹਾ ਸੀ।

ਧਰਮ ਕਰਮ ਕਾਂਡਾਂ, ਪਾਖੰਡਵਾਦ, ਰੀਤਾਂ, ਮੰਨਤਾਂ, ਮਨੌਤਾਂ ਅਤੇ ਵਹਿਮਾਂ-ਭਰਮਾਂ ਦਾ ਮਿਲਗੋਭਾ ਬਣ ਗਿਆ ਸੀ ਜੋ ਮਨੁੱਖ ਅੰਦਰ ਸੁਚੱਜੀ ਜੀਵਨ-ਜਾਚ ਉਤਪੰਨ ਕਰਨ ਦੀ ਬਜਾਇ ਅਮੀਰ ਦੇ ਹੱਥਾਂ ਵਿਚ ਗਰੀਬ ਨੂੰ ਲੁੱਟਣ ਦਾ ਇਕ ਸਾਧਨ ਬਣ ਗਿਆ ਸੀ। ਉੱਚ ਜਾਤਾਂ ਅਤੇ ਅਮੀਰਾਂ ਨੇ ਧਰਮ ਨੂੰ ਗਰੀਬ ਵਿਅਕਤੀ ਲਈ ਹਊਆ ਬਣਾ ਦਿੱਤਾ ਸੀ। ਗੁਰੂ ਜੀ ਨੇ ਉਹਨਾਂ ਕਰਮ-ਕਾਂਡਾਂ ਦੀ ਨਿੰਦਾ ਕੀਤੀ ਜੋ ਲੋਕਾਂ ਲਈ ਇਕ ਜੜ੍ਹ ਵਸਤੂ ਵਰਤਾਰਾ ਬਣ ਗਿਆ ਸੀ। ਉਹ ਸਦੀਆਂ ਤੋਂ ਅਜਿਹੇ ਕਰਮ ਕਾਂਡਾਂ ਵਿਚ ਗ੍ਰਸੇ ਪਏ ਸਨ ਅਤੇ ਉਹਨਾਂ ਨੂੰ ਇਸ ਵਰਤਾਰੇ ਪ੍ਰਤੀ ਚੇਤੰਨ ਕਰਕੇ ਇਸ ਵਿਚੋਂ ਕੱਢਣਾ ਇਕ ਕ੍ਰਾਂਤੀਕਾਰੀ ਕਦਮ ਸੀ।

ਬ੍ਰਾਹਮਣ, ਜੋਗੀ, ਕਾਜ਼ੀ, ਮੁੱਲਾ ਮੁਲਾਣੇ ਸਭ ਆਪਣੇ ਧਾਰਮਿਕ ਉਦੇਸ਼ ਤੋਂ ਬੇਮੁੱਖ ਹੋ ਚੁੱਕੇ ਸਨ ਅਤੇ ਬਾਹਰਮੁਖੀ ਕਰਮ ਕਾਂਡਾਂ ਦੇ ਜ਼ਰੀਏ ਧਰਮ ਨੂੰ ਸਾਧਨ ਬਣਾ ਕੇ ਨਿੱਜੀ ਹਿੱਤਾਂ ਦੀ ਪੂਰਤੀ ਦੀ ਹੋੜ ਵਿਚ ਮਸਤ ਸਨ। ਆਮ ਜਨਤਾ ਅੰਦਰ ਸਵਰਗ ਨਰਕ, ਪਾਪ-ਪੁੰਨ ਅਤੇ ਧਰਮ ਨਾਲ ਜੁੜੇ ਕਰਮ ਕਾਂਡਾਂ ਨੂੰ ਹਊਆ ਬਣਾ ਕੇ, ਇਹਨਾਂ ਦਾ ਡਰ ਪੈਦਾ ਕਰਕੇ ਗਰੀਬ ਦਾ ਸ਼ੋਸ਼ਣ ਕੀਤਾ ਜਾਂਦਾ ਸੀ।

ਵਿਭਿੰਨ ਗ੍ਰੰਥਾਂ ਵਿਚ ਕਰਮ ਕਾਂਡਾਂ ਦੇ ਮਹਾਤਮ ਨੂੰ ਉਚਿਆਇਆ ਜਾਣ ਲੱਗ ਪਿਆ। ਉਸ ਸਮੇਂ ਦੇ ਗੰਥਾਂ ਦੀ ਭਾਸ਼ਾ ਸੰਸਕ੍ਰਿਤ ਅਤੇ ਅਰਬੀ ਸੀ ਜੋ ਆਮ ਜਨਤਾ ਦੀ ਸਮਝ ਤੋਂ ਬਾਹਰੀ ਗੱਲ ਸੀ ਪਰ ਫਿਰ ਵੀ ਬਿਨਾਂ ਸਮਝੇ ਪਾਠ ਨੂੰ ਕਰਨਾ ਜਾਂ ਪੈਸੇ ਦੇ ਕੇ ਪਾਠ ਅਤੇ ਹੋਰ ਕਰਮ ਕਾਂਡ ਕਰਵਾਉਣ ਵਿਚ ਜੋ ਮਹਾਤਮ ਮਿਲਦਾ ਹੈ ਉਸ ਦੇ ਮਹੱਤਵ ਦੀ ਵਡਿਆਈ ਕੀਤੀ ਜਾਂਦੀ ਸੀ।

ਧਰਮ ਨਾਲ ਜੁੜੇ ਮਹਾਤਮ ਤੱਕ ਪਹੁੰਚਣਾ ਇਸ ਯੁੱਗ ਵਿਚ ਗਰੀਬ ਦੇ ਵੱਸ ਦੀ ਗੱਲ ਨਾ ਰਹੀ ਅਤੇ ਇਹ ਧਰਮ ਓਤੇ ਮਹਾਤਮ ਸਿਰਫ ਅਮੀਰਾਂ ਦਾ ਬਣ ਕੇ ਰਹਿ ਗਿਆ। ਅਜਿਹਾ ਪ੍ਰਤੀਤ ਹੁੰਦਾ ਸੀ ਜਿਵੇਂ ਕਿ ਧਰਮ ਅਤੇ ਰੱਬ ਨੂੰ ਅਮੀਰਾਂ ਨੇ ਖਰੀਦ ਲਿਆ ਹੋਵੇ।

**ਗਿਆਨੀ ਹੀਰਾ ਸਿੰਘ ਦਰਦ** ਅਨੁਸਾਰ:

ਇਹ ਮਹਾਤਮ ਹੁਣ ਸਿਰਫ ਧਨੀ ਲੋਕ ਹੀ ਬਾਹਲਾ ਖਰੀਦ ਸਕਦੇ ਸਨ। ਉਹ ਹਰ ਵੇਲੇ ਘਰਾਂ ਵਿਚ, ਮੰਦਰਾਂ ਵਿਚ ਤੀਰਥਾਂ ਉੱਤੇ ਪਾਠ ਕਰਵਾਂਦੇ ਰਹਿੰਦੇ ਹਨ। ਮਹਾਤਮ ਖਰੀਦਦੇ ਰਹਿੰਦੇ ਹਨ ਅਤੇ ਗਰੀਬ ਜਨਤਾ ਪਾਸੋਂ ਕੀਤੀ ਹੋਈ ਅਨਿਆਈ ਲੁੱਟ ਅਤੇ ਆਪਣੇ ਪਾਪਾਂ ਉੱਤੇ ਮਹਾਤਮ ਦਾ ਪੜਦਾ ਪਾ ਕੇ ਮੌਜਾਂ ਮਾਣਦੇ ਰਹਿੰਦੇ ਹਨ।[9]

ਗੁਰੂ ਜੀ ਅਜਿਹੇ ਪਾਖੰਡਵਾਦ ਦੀ ਨਿਖੇਧੀ ਕਰਦੇ ਹੋਏ ਕਰਮ ਕਾਂਡਾਂ ਦੀ ਤੁਲਨਾ ਵਿਚ ਮਨੁੱਖ ਦੇ ਚੰਗੇ ਕਰਮਾਂ ਤੇ ਜ਼ੋਰ ਦਿੰਦੇ ਹਨ। ਉਹਨਾਂ ਨੇ ਬਾਣੀ ਦੀ ਰਚਨਾ ਸੰਸਕ੍ਰਿਤ ਅਰਬੀ ਜਾਂ ਕਿਸੇ ਹੋਰ ਭਾਸ਼ਾ ਵਿਚ ਨਹੀਂ ਕੀਤੀ ਬਲਕਿ ਲੋਕ ਭਾਸ਼ਾ ਨੂੰ ਆਪਣੀ ਰਚਨਾ ਦਾ ਮਾਧਿਅਮ ਬਣਾਇਆ। ਬ੍ਰਾਹਮਣ, ਮੁੱਲਾਂ ਮੁਲਾਣਿਆਂ ਨੇ ਧਾਰਮਿਕ ਗ੍ਰੰਥਾਂ ਵਿਚ ਉਸ ਭਾਸ਼ਾ ਦਾ ਪ੍ਰਯੋਗ ਕੀਤਾ ਜੋ ਆਮ ਜਨਤਾ ਦੀ ਪਹੁੰਚ ਵਿਚ ਨਹੀਂ ਸੀ। ਉਹਨਾਂ ਦੁਆਰਾ ਅਜਿਹੀ ਸੰਚਾਰ ਦੀ ਜੁਗਤ ਵਰਤੀ ਗਈ ਜਿਸਨੂੰ ਲੋਕਾਈ ਸਮਝ ਨਾ ਸਕੇ ਅਤੇ ਰਹੱਸਮਈ ਡਰ ਪੈਦਾ ਕਰਕੇ ਉਹਨਾਂ ਦਾ ਸ਼ੋਸ਼ਣ ਕੀਤਾ ਜਾ ਸਕੇ।

ਸੰਸਕ੍ਰਿਤ ਭਾਸ਼ਾ ਨੂੰ ਪੜ੍ਹਨਾ ਜਾਂ ਸੁਣਨਾ ਨੀਵੀਆਂ ਜਾਤਾਂ ਲਈ ਵਰਜਿਤ ਸੀ। ਪਰ ਗੁਰੂ ਨਾਨਕ ਦੇਵ ਜੀ ਨੇ ਲੋਕ ਭਾਸ਼ਾ ਦੀ ਵਰਤੋਂ ਕਰਦੇ ਹੋਏ ਆਮ ਜਨਤਾ ਲਈ ਵੀ ਧਰਮ ਨੂੰ ਸਮਝਣ ਅਤੇ ਪਾਉਣ ਦੇ ਰਾਹ ਖ੍ਹੋਲ ਦਿੱਤੇ।ਉਹਨਾਂ ਨੇ ਬਾਣੀ ਵਿਚ ਅਜਿਹੇ ਅਲੰਕਾਰ, ਬਿੰਬ, ਪ੍ਰਤੀਕ ਵਰਤੇ ਜੋ ਮਨੁੱਖ ਦੇ ਆਮ ਜੀਵਨ ਵਰਤਾਰੇ ਦਾ ਅਹਿਮ ਅੰਗ ਸਨ। ਇਸ ਤੋਂ ਇਲਾਵਾ ਉਹਨਾਂ ਨੇ ਲੋਕ ਕਾਵਿ ਰੂਪਾਂ ਦੀ ਵਰਤੋਂ ਕੀਤੀ ਜਿਸ ਵਿਚੋਂ ਮਨੁੱਖੀ ਸਭਿਆਚਾਰ ਅਤੇ ਲੋਧਾਰਾ ਦੀ ਜੀਵੰਤ ਮਿਸਾਲ ਨਜ਼ਰੀਂ ਪੈਂਦੀ ਹੈ। ਉਦਾਹਰਨ ਵਜੋਂ ਬਾਰਹਮਾਹ, ਵਾਰਾਂ, ਛੰਤ, ਅਲਾਹੁਣੀਆਂ ਆਦਿ ਕਾਵਿ ਰੂਪ ਉਹਨਾਂ ਦੀ ਰਚਨਾ ਦਾ ਅਹਿਮ ਅੰਗ ਹਨ।

ਇਸ ਤੋਂ ਇਲਾਵਾ ਉਹਨਾਂ ਨੇ ਹੋਰ ਵੀ ਕਈ ਕਰਮ ਕਾਂਡਾਂ ਤੋਂ ਆਮ ਜਨਤਾ ਨੂੰ ਨਿਜਾਤ ਦਿਵਾਈ ਉਦਾਹਰਨ ਵਜੋਂ ਧੂੜੀ ਮਲਣਾ, ਤੀਰਥਾਂ ਤੇ ਜਾਣਾ, ਵਰਤ ਰੱਖਣੇ. ਸੂਰਜ ਨੂੰ ਪਾਣੀ ਦੇਣਾ, ਧੂਫ਼ ਬੱਤੀ ਕਰਨਾ, ਮੂਰਤੀ ਪੂਜਾ ਆਦਿ ਸਭ ਦਾ ਉਹ ਖੰਡਨ ਕਰਦੇ ਹਨ। ਗੁਰੂ ਜੀ ਅਨੁਸਾਰ ਇਸ ਸਾਰੇ ਕਰਮ ਕਾਂਡ ਬਾਹਰੀ ਹਨ। ਮਨੁੱਖ ਨੂੰ ਸੱਚੇ ਮਨ ਨਾਲ ਨਾਮ ਜਪਣਾ ਚਾਹੀਦਾ ਹੈ ਅਤੇ ਚੰਗੇ ਕਰਮ ਕਰਨੇ ਚਾਹੀਦੇ ਹਨ। ਪ੍ਰਮਾਤਮਾਂ ਨੂੰ ਅੰਤਰਮੁਖੀ ਹੋ ਕੇ ਧਿਆਉਣਾ ਚਾਹੀਦਾ ਹੈ, ਬਾਹਰਮੁਖੀ ਕਰਮ ਕਾਂਡਾਂ ਨਾਲ ਉਸਨੂੰ ਨਹੀਂ ਪਾਇਆ ਜਾ ਸਕਦਾ।

ਉਹਨਾਂ ਨੇ ਉਦਾਸੀਆਂ ਕਰਕੇ ਕਈ ਪ੍ਕਾਰ ਦੀਆਂ ਜੁਗਤਾਂ ਦੇ ਜ਼ਰੀਏ ਲੋਕਾਂ ਨੂੰ ਜਾਗਰੂਕ ਕੀਤਾ ਜਿਸਦੀ ਉਦਾਹਰਨ ਉਹਨਾਂ ਦੀਆਂ ਜਨਮ ਸਾਖੀਆਂ ਵਿਚੋਂ ਵੇਖੀ ਜਾ ਸਕਦੀ ਹੈ। ਮੂਰਤੀ ਪੂਜਾ ਦੇ ਸੰਦਰਭ ਵਿਚ ਉਹ ਲਿਖਦੇ ਹਨ:

ਪਾਥਰੁ ਲੇ ਪੂਜਹਿ ਮੁਗਧ ਗਵਾਰ।।

ਓਹਿ ਜਾ ਆਪਿ ਡੁਬੇ ਤੁਮ ਕਹਾ ਤਾਰਣਹਾਰ।।[10]

ਉਹਨਾਂ ਨੇ ਅੰਧਵਿਸ਼ਵਾਸੀ ਲੋਕਾਂ ਨੂੰ ਸਮਝਾਇਆ ਕਿ ਜਿਸ ਪੱਥਰ ਦੀ ਮੂਰਤੀ ਨੂੰ ਤੁਸੀਂ ਪੂਜ ਰਹੇ ਹੋ ਉਹ ਤਾਂ ਆਪ ਡੁੱਬ ਜਾਂਦੀ ਹੈ ਉਹ ਤਾਰਣਹਾਰ ਕਿਵੇਂ ਹੋ ਸਕਦੀ ਹੈ। ਇਸ ਪੱਥਰ ਦੀ ਮੂਰਤੀ ਨੂੰ ਇਨਸਾਨ ਨੇ ਘੜਿਆ ਹੈ ਜਦਕਿ ਪ੍ਰਮਾਤਮਾਂ ਤਾਂ ਨਿਰਾਕਾਰ ਹੈ ਉਸਨੂੰ ਇਕ ਇਨਸਾਨ ਦੁਆਰਾ ਘੜਿਆ ਜਾਂ ਬਣਾਇਆ ਨਹੀ ਜਾ ਸਕਦਾ।

ਗੁਰੂ ਜੀ ਅਨੁਸਾਰ ਸਰਾਧ ਦੇ ਜ਼ਰੀਏ ਪਿੱਤਰਾਂ ਨੂੰ ਭੋਜਨ ਕਰਾਉਣਾ ਵੀ ਅੰਧ ਵਿਸ਼ਵਾਸ ਹੈ। ਰੱਜੇ ਪੁੱਜੇ ਅਮੀਰ ਪੰਡਿਤਾਂ ਨੂੰ ਭੋਜਨ, ਕੱਪੜੇ ਪੈਸੇ ਦੇਣੇ ਕਿ ਸ਼ਾਇਦ  ਇਹ ਸਾਰਾ ਕੁਝ ਪਿੱਤਰਾਂ ਤੱਕ ਪਹੁੰਚ ਜਾਏਗਾ ਬਹੁਤ ਵੱਡਾ ਵਹਿਮ ਹੀ ਨਹੀ ਸੀ ਬਲਕਿ ਬ੍ਰਾਹਮਣਾ/ਪੰਡਿਤਾਂ ਦੁਆਰਾ ਗਰੀਬਾਂ ਕੋਲੋਂ ਲੁੱਟ-ਖਸੁੱਟ ਦਾ ਇਕ ਜ਼ਰੀਆ ਸੀ।

ਗੁਰੂ ਜੀ ਸਿਰਫ ਸਿਧਾਂਤਕ ਪੱਧਰ ਤੇ ਹੀ ਅਜਿਹੀਆਂ ਕੁਰੀਤੀਆਂ ਦੀ ਨਿਖੇਧੀ ਨਹੀ ਸੀ ਕਰਦੇ ਬਲਕਿ ਵਿਵਹਾਰਕ ਪੱਧਰ ਤੇ ਉਹ ਇਹਨਾਂ ਚੀਜ਼ਾਂ ਨੂੰ ਆਪਣੀ ਜ਼ਿੰਦਗੀ ਤੇ ਲਾਗੂ ਵੀ ਕਰਦੇ ਸਨ। ਜਨਮ ਸਾਖੀਆਂ ਅਨੁਸਾਰ ਜਦੋਂ ਉਹਨਾਂ ਨੂੰ ਉੱਚ ਜਾਤੀ ਦੀ ਨਿਸ਼ਾਨੀ ਜਨੇਊ ਪਹਿਨਾਇਆ ਜਾਣ ਲੱਗਾ ਤਾਂ ਗੁਰੂ ਜੀ ਨੇ ਇਸਦਾ ਵਿਰੋਧ ਕਰਦੇ ਹੋਏ ਪੰਡਤ ਨੂੰ ਕਿਹਾ ਕਿ ਇਹ ਤਾਂ ਨਾਸ਼ਮਾਨ ਹੈ, ਗੁਆਚ ਸਕਦਾ ਹੈ, ਟੁੱਟ ਸਕਦਾ ਹੈ, ਸੜ ਸਕਦਾ ਹੈ।

ਉਹ ਪੰਡਤ ਪਾਸੋਂ ਅਜਿਹੇ ਜਨੇਊ ਦੀ ਮੰਗ ਕਰਦੇ ਹਨ ਜਿਸ ਵਿਚ ਦਇਆ, ਜਤ, ਸਤ ਆਦਿ ਹੋਵੇ ਅਤੇ ਉਹ ਨਾਸ਼ਮਾਨਤਾ ਤੋਂ ਪ੍ਰੇ ਹੋਵੇ ਅਜਿਹਾ ਜਨੇਊ ਜੋ ਮਰਨ ਉਪਰੰਤ ਵੀ ਉਹਨਾਂ ਦੇ ਕੋਲ ਰਹੇ।

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ।।

ਏਹੁ ਜਨੇਊ ਜੀਅ ਕਾ ਹਈ ਤ ਪਾਂਡੇ ਘਤੁ।।

ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨਾ ਜਾਇ।।

ਅਜਿਹੇ ਕਈ ਕਰਮ ਕਾਂਡਾਂ ਦਾ ਖੰਡਨ ਕਰਦੇ ਹੋਏ ਉਹ ਆਮ ਗਰੀਬ ਅਤੇ ਗੁੰਮਰਾਹ ਜਨਤਾ ਲਈ ਰਾਹ ਦਸੇਰਾ ਬਣਦੇ ਹਨ।

ਗੁਰੂ ਨਾਨਕ ਦੇਵ ਜੀ ਦੁਆਰਾ ਦੱਸੇ ਗਏ ਜ਼ਿੰਦਗੀ ਦੇ ਨੇਮ ਲੋਕਾਈ ਅੰਦਰ ਜਾਗ੍ਰਿਤੀ ਪੈਦਾ ਕਰਦੇ ਹਨ। ਰਾਜਨੀਤਿਕ ਭ੍ਰਿਸ਼ਟ ਪ੍ਰਬੰਧ ਨੂੰ ਅਤੇ ਬੇਬਾਕੀ ਨਾਲ ਉਲੀਕਣਾ, ਔਰਤ ਦੀ ਵਡਿਆਈ ਕਰਨਾ, ਜਾਤ-ਪਾਤ, ਊਚ-ਨੀਚ ਦਾ ਵਿਰੋਧ ਕਰਨਾ, ਧਾਰਮਿਕ ਕਰਮ ਕਾਂਡਾਂ ਦੀ ਨਿਖੇਧੀ ਕਰਨਾ, ਧਰਮ ਜੋ ਸਿਰਫ਼ ਅਮੀਰਾਂ ਦੇ ਹੱਥਾਂ ਦੀ ਕਠਪੁਤਲੀ ਬਣ ਕੇ ਰਹਿ ਗਿਆ ਸੀ ਨੂੰ ਸਹੀ ਅਰਥਾਂ ਵਿਚ ਪੇਸ਼ ਕਰਨਾ ਆਦਿ ਗੁਰੂ ਨਾਨਕ ਦੇਵ ਜੀ ਦੁਆਰਾ ਉਠਾਏ ਗਏ ਕ੍ਰਾਂਤੀਕਾਰੀ ਕਦਮ ਸਨ।

ਉਹਨਾਂ ਦੁਆਰਾ ਦਿੱਤੇ ਗਏ ਉਪਦੇਸ਼ ਦੇ ਕਾਰਨ ਹੀ ਅੱਜ ਦੇ ਸਮਾਜ ਵਿਚ ਕਾਫ਼ੀ ਹੱਦ ਤੱਕ ਪਰਿਵਰਤਨ ਆਇਆ ਹੈ। ਅਜੇ ਵੀ ਜਨਤਾ ਦੀ ਲੁੱਟ-ਖਸੁੱਟ ਅਤੇ ਭ੍ਰਿਸ਼ਟ ਰਾਜਨੀਤਿਕ ਪ੍ਰਬੰਧ ਨੂੰ ਖਤਮ ਕਰਨ ਲਈ ਉਹਨਾਂ ਦੇ ਉਪਦੇਸ਼ਾਂ ਨੂੰ ਵਿਵਹਾਰਕ ਪੱਧਰ ਤੇ ਅਪਣਾਉਣ ਦੀ ਲੋੜ ਹੈ।

ਪੰਜ ਸਦੀਆਂ ਪਹਿਲਾਂ ਦਿੱਤੇ ਗਏ ਉਪਦੇਸ਼ ਅਤੇ ਵਿਚਾਰ ਅੱਜ ਦੇ ਪਦਾਰਥਕ ਯੁੱਗ ਵਿਚ ਹੋਰ ਵੀ ਮਹੱਤਤਾ ਦੇ ਧਾਰਨੀ ਬਣ ਗਏ ਹਨ। ਅਮਾਨਵੀ ਕਦਰਾਂ ਕੀਮਤਾਂ ਅਤੇ ਭ੍ਰਿਸ਼ਟ ਪ੍ਰਬੰਧ ਨੂੰ ਖਤਮ ਕਰਨ ਲਈ ਬਾਣੀ ਦੇ ਪ੍ਰਚਾਰ ਦੀ ਲੋੜ ਹੈ ਤਾਂ ਜੋ ਨੈਤਿਕਤਾ ਅਤੇ ਕਦਰਾਂ- ਕੀਮਤਾਂ ਦੇ ਜ਼ਰੀਏ ਉਸਾਰੂ ਸਮਾਜ ਸਿਰਜਿਆ ਜਾ ਸਕੇ।

- ## ਹਵਾਲੇ ਟਿੱਪਣੀਆਂ


1. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪੰਨਾ- 1288
2. ਪਿਆਰ ਸਿੰਘ (ਸੰਪਾ) **ਭਾਈ ਜੋਧ ਸਿੰਘ ਗੱਦ ਸੌਰਭ**, ਪੰਜਾਬੀ ਯੂਨੀਵਰਸਿਟੀ ਪਟਿਆਲਾ ਪੰਨਾ-260
3. ਡਾ.ਰਤਨ ਸਿੰਘ ਜੱਗੀ, **ਗੁਰੂ ਗ੍ਰੰਥ ਸਾਹਿਬ ਵਿਚ ਸਭਿਆਚਾਰਕ ਚੇਤਨਾ**, ਸਭਿਆਚਾਰਕ ਪਤ੍ਰਿਕਾ, ਅੰਕ-2, ਪੰਜਾਬੀ ਯੂਨੀਵਰਸਿਟੀ ਪਟਿਆਲਾ।

4. ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ–473
5. ਡਾ. ਜਸਵਿੰਦਰ ਕੌਰ ਢਿੱਲੋਂ (ਸੰਪਾ) **ਗੁਰੂ ਨਾਨਕ ਬਾਣੀ**, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ 2006 ਪੰਨਾ– 21
6. ਡਾ. ਗੁਰਬਖ਼ਸ਼ ਸਿੰਘ ਤਾਲਬ (ਸੰਪਾ) **ਆਧੁਨਿਕ ਪੰਜਾਬੀ ਵਾਰਤਕ**, ਪੰਜਾਬੀ ਸਾਹਿਤ ਪ੍ਰਕਾਸ਼ਨ ਅੰਮ੍ਰਿਤਸਰ 2018 ਪੰਨਾ–56
7. ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ–556